SIKH 24 .com

# ਪ੍ਰੈਸ ਨੋਟ

ਅਜ ਤਖ਼ਤ ਸ਼੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਸ਼੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਦੀ ਅਗਵਾਈ ਵਿਚ ਸਰਬੱਤ ਖ਼ਾਲਸਾ 10 ਨਵੰਬਰ 2016 ਦੀਆਂ ਤਿਆਰੀਆਂ ਸਬੰਧੀ ਪੰਥਕ ਜਥੇਬੰਦੀਆਂ ਨਾਲ ਜਰੂਰੀ ਮੀਟਿੰਗ ਹੋਈ। ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ , ਯੂਨਾਈਟਿਡ ਅਕਾਲੀ ਦਲ , ਸ਼੍ਰੋਮਣੀ ਅਕਾਲੀ ਦਲ 1920 , ਸੁਤੰਤਰ ਅਕਾਲੀ ਦਲ , ਪੰਥਕ ਸੇਵਾ ਲਹਿਰ ਦੇ ਆਗੂ ਸ਼ਾਮਲ ਹੋਏ ,ਜਿਨ੍ਹਾਂ ਵਿਚ ਸਰਦਾਰ ਸਿਮਰਨਜੀਤ ਸਿੰਘ ਮਾਨ,ਭਾਈ ਮੋਹਕਮ ਸਿੰਘ , ਭਾਈ ਗੁਰਦੀਪ ਸਿੰਘ ਬਠਿੰਡਾ ,ਬੂਟਾ ਸਿੰਘ ਰਣਸ਼ੀਹ ,ਪਰਮਜੀਤ ਸਿੰਘ ਸਹੌਲੀ, ਬਾਬਾ ਪਰਦੀਪ ਸਿੰਘ ਚਾਂਦਪੁਰਾ,ਪ੍ਰੋ:ਮਹਿੰਦਰਪਾਲ ਸਿੰਘ,ਜਸਕਰਨ ਸਿੰਘ ਕਾਨ੍ਹਸਿੰਘ ਵਾਲਾ,ਮਾਸਟਰ ਕਰਨੈਲ ਸਿੰਘ ਨਾਰੀਕੇ ,ਸੁਰਜੀਤ ਸਿੰਘ ਕਾਲਾਬੂਲਾ ਮੈਂਬਰ ਸ਼੍ਰੋਮਣੀ ਕਮੇਟੀ,ਬਾਬਾ ਈਸ਼ਰ ਸਿੰਘ ਹੈਦਰਾਬਾਦ, ਵੱਸਣ ਸਿੰਘ ਜ਼ਫਰਵਾਲ, ਸਤਨਾਮ ਸਿੰਘ ਮਨਾਂਵਾਂ,ਪ੍ਰਸੋਤਮ ਸਿੰਘ ਫੱਗੂਵਾਲਾ ,ਪਰਮਜੀਤ ਸਿੰਘ ਜਿਜੇਆਣੀ,ਪਰਮਿੰਦਰ ਸਿੰਘ ਬਾਲਿਆਂਵਾਲੀ, ਬਲਵਿੰਦਰ ਸਿੰਘ ਮੰਡੇਰ,ਹਰਭਜਨ ਸਿੰਘ ਕਸ਼ਮੀਰੀ ਅਤੇ ਹੋਰ ਆਗੂ ਸਾਮਿਲ ਹੋਏ । ਮੀਟਿੰਗ ਵਿਚ ਸਿੰਘ ਸਾਹਿਬਾਨ ਭਾਈ ਧਿਆਨ ਸਿੰਘ ਮੰਡ ,ਭਾਈ ਬਲਜੀਤ ਸਿੰਘ ਦਾਦੂਵਾਲ ਜਥੇਦਾਰ ਤਖਤ ਸ਼੍ਰੀ ਦਮਦਮਾ ਸਾਹਿਬ ਨੇ ਪੰਥਕ ਜਥੇਬੰਦੀਆਂ ਦੀਆਂ ਸਰਬੱਤ ਖਾਲਸਾ 2016 ਦੇ ਸਮੁਚੇ ਪ੍ਰਬੰਧ ਦੀਆਂ ਤਿਆਂਰੀਆਂ ਸਬੰਧੀ ਡਿਊਟੀਆਂ ਲਗਾਈਆਂ ।ਸਿੰਘ ਸਾਹਿਬਾਨਾਂ ਨੇ ਪੰਥਕ ਆਗੂਆਂ ਨੂੰ ਕਿਹਾ ਕਿ ਜੋ ਪਿਛਲੇ ਸਰਬੱਤ ਖਾਲਸਾ 2015 ਵਿਚ ਸਾਮਿਲ ਹੋਣ ਤੋ ਸਿੱਖ ਜਥੇਬੰਦੀਆਂ ਅਤੇ ਸੰਤ ਮਾਹਪੁਰਸ਼,ਪ੍ਰਚਾਰਕ ਰਹਿ ਗਏ ਸਨ ਉਹਨਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਨਾਉਣ ਲਈ ਓਹਨਾਂ ਨਾਲ ਰਾਬਤਾ ਕਾਇਮ ਕੀਤਾ ਜਾਵੇ।

ਮੀਟਿੰਗ ਵਿਚ ਸਿੰਘ ਸਾਹਿਬਾਨ ਭਾਈ ਜਗਤਾਰ ਸਿੰਘ ਹਵਾਰਾ ਜਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ ਦੇ ਪੰਥਕ ਜਜਬੇ ਤੇ ਪੰਥਕ ਏਕਤਾ ਦੀ ਸਲਾਘਾ ਕੀਤੀ ਗਈ । ਜਥੇਦਾਰ ਜਗਤਾਰ ਸਿੰਘ ਹਵਾਰਾ ਸਮੇਤ ਸਮੂੰਹ ਰਾਜਸ਼ੀ ਬੰਦੀਆਂ ਦੀ ਰਿਹਾਈ ਲਈ ਫੈਸਲਾਕੁੰਨ ਸੰਘਰਸ਼ ਤੇਜ ਕਰਨ ਲਈ ਵਿਚਾਰਾਂ ਕੀਤੀਆਂ ।ਜਥੇਦਾਰ ਜਗਤਾਰ ਸਿੰਘ ਹਵਾਰਾ ਵਲੋ 10 ਨਵੰਬਰ 2016 ਨੂੰ ਹੋਣ ਵਾਲੇ ਸਰਬੱਤ ਖਾਲਸਾ ਦੀ ਪੰਜ ਸਿੰਘਾਂ ਮੇਜਰ ਸਿੰਘ,ਸਤਨਾਮ ਸਿੰਘ ਖੰਡਾ,ਸਤਨਾਮ ਸਿੰਘ ਖਾਲਸਾ, ਮੰਗਲ ਸਿੰਘ , ਤਰਲੋਕ ਸਿੰਘ ਨੂੰ ਤਖਤ ਸਹਿਬਾਨ ਦੇ ਜਥੇਦਾਰਾਂ ਉਪਰ ਅਗਵਾਈ ਦੇਣ ਨੂੰ ਸਿਖ ਪਰੰਪਰਵਾਂ ਤੇ ਸਿਧਾਂਤਾ ਮੁਤਾਬਕ ਸਹੀ ਨਹੀ ਦਸਿਆ ਗਿਆ ।ਪੰਜ ਪਿਆਰੇ ਕੇਵਲ ਤੇ ਕੇਵਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ,ਭਾਈ ਮੋਹਕਮ ਸਿੰਘ , ਭਾਈ ਸਾਹਿਬ ਸਿੰਘ ਅਤੇ ਭਾਈ ਹਿੰਮਤ ਸਿੰਘ ਸਾਜੇ ਗਏ ਸਨ ਜੋ ਸਿਖ ਇਤਿਹਾਸ ਵਿਚ ਸਥਾਈ

ਹਨ । ਅੰਮ੍ਰਿਤ ਸੰਚਾਰ ਅਤੇ ਹੋਰ ਧਾਰਮਿਕ ਸਮਾਗਮਾਂ ਵਿਚ ਪੰਜ ਪਿਆਰੇ ਵਕਤੀ ਤੌਰ ਤੇ ਹੁੰਦੇ ਹਨ ਅਤੇ ਸਮਾਗਮ ਤੋ ਬਆਦ ਪੰਜ ਪਿਆਰੇ ਸੰਗਤ ਦਾ ਹਿੱਸਾ ਹੁੰਦੇ ਹਨ ।ਭਾਈ ਸਤਨਾਮ ਸਿੰਘ ਖੰਡੇ ਹੁਣੀ ਸਾਰੇ ਸਮੁਚੇ ਰੂਪ ਵਿਚ ਸਰਬੱਤ ਖਾਲਸਾ 2015 ਵਿਚ ਸਾਮਿਲ ਨਹੀ ਹੋਏ ਸਨ ਪ੍ਰੰਤੂ ਸਰਬੱਤ ਖਾਲਸਾ 2016 ਵਿਚ ਸਾਮਿਲ ਹੋਣ ਦਾ ਸਵਾਗਤ ਅਤੇ ਸਤਿਕਾਰ ਕੀਤਾ ਜਾਦਾਂ ਹੈ। ਪੰਥਕ ਜਥੇਬੰਦੀਆਂ ਅਤੇ ਪੰਥਕ ਸਖਸੀਅਤਾਂ ਜਿਹੜੀਆਂ ਪਿਛਲੇ ਸਰਬੱਤ ਖਾਲਸਾ 2015 ਵਿਚ ਨਹੀ ਸਾਮਿਲ ਹੋਈਆ ਸਨ ਉਨਾਂ ਨੂੰ ਸਰਬਤ ਖਾਲਸਾ 2016 ਵਿਚ ਸਾਮਿਲ ਕਰਨ ਲਈ ਨਿਮਰਤਾ ਸਾਹਿਤ ਬੇਨਤੀ ਅਤੇ ਹਰ ਸੰਭਵ ਯਤਨ ਕੀਤਾ ਜਾਵੇਗਾ ਉਨਾਂ ਨੂੰ ਫੈਸਲੇ ਲੈਣ ਦੀ ਪ੍ਰਕਿਰਿਆ ਵਿਚ ਸਤਿਕਾਰ ਸਹਿਤ ਸਾਮਿਲ ਕੀਤਾ ਜਾਵੇਗਾ ।ਪੰਥਕ ਜਥੇਬੰਦੀਆਂ ਨੇ ਕਿਹਾ ਕਿ ਸਰਬੱਤ ਖਾਲਸਾ 10 ਨਵੰਬਰ 2016 ਤਖਤ ਸਾਹਿਬਾਨਾਂ ਦੇ ਜਥੇਦਾਰਾਂ ਦੀ ਅਗਵਾਈ ਵਿਚ ਹੀ ਕੀਤਾ ਜਾਵੇਗਾ ਜਥੇਦਾਰ ਧਿਆਨ ਸਿੰਘ ਮੰਡ, ਜਥੇਦਾਰ ਬਲਜੀਤ ਸਿੰਘ ਦਾਦੂਵਾਲ ਅਤੇ ਜਥੇਦਾਰ ਅਮਰੀਕ ਸਿੰਘ ਅਜਨਾਲਾ ਇਸ ਸੇਵਾ ਨੂੰ ਬਾਖੂਬੀ ਨਿਭਾਅ ਰਹੇ ਹਨ ਜਿਨਾਂ ਨੇ ਦਿਨ ਰਾਤ ਇਕ ਕਰਕੇ ਸਰਬੱਤ ਖਾਲਸਾ ਲਈ ਲਹਿਰ ਬਨਾਈ ਹੋਈ ਹੈ ਅਤੇ ਸਾਰਿਆਂ ਨੂੰ ਸਤਿਕਾਰਯੋਗ ਜਥੇਦਾਰ ਸਾਹਿਬਾਨਾਂ ਦਾ ਸਹਿਯੋਗ ਦੇਣਾ ਚਾਹੀਦਾ ਹੈ । ਜਲਦ ਹੀ ਪੰਥਕ ਜਥੇਬੰਦੀਆਂ ਦਾ ਇਕ ਵਫਦ ਜਥੇਦਾਰ ਹਵਾਰਾ ਸਾਹਿਬ ਨੂੰ ਮਿਲਣ ਲਈ ਤਿਹਾੜ ਜੇਲ੍ਹ ਦਿਲੀ ਜਾ ਕੇ ਹਲਾਤਾਂ ਤੋ ਜਾਣੂ ਕਰਾਵੇਗਾ ।ਮੀਟਿੰਗ ਵਿਚ ਭਾਰਤ ਪਾਕਿਸਤਾਨ ਅੰਤਰ ਰਾਸ਼ਟਰੀ ਸਰਹੱਦ ਉਪਰ ਪੈਦਾ ਹੋਏ ਜੰਗ ਦੇ ਹਾਲਾਤ ਉਪਰ ਡੂੰਘੀ ਵਿਚਾਰ ਤੇ ਚਿੰਤਾ ਪ੍ਰਗਟ ਕੀਤੀ ਗਈ । 1947 ਵਿਚ ਲੱਖਾਂ ਸਿੱਖਾਂ ਅਤੇ ਪੰਜਬੀਆਂ ਦਾ ਕਤਲੇਆਮ ਧਾਰਮਿਕ ਸਥਾਨਾਂ ਦਾ ਵਿਛੋੜਾ 1965,1971,1984 ਵਿਚ ਹੋਏ ਭਿਅਨਕ ਘਲੂਘਾਰਿਆਂ ਨੂੰ ਯਾਦ ਕਰਦਿਆਂ ਮਹਿਸੂਸ ਕੀਤਾ ਗਿਆ ਕਿ ਅਜ ਫਿਰ ਪੰਜਾਬ ਵਿਚ ਜੰਗ ਦਾ ਭਾਰੀ ਡਰ ਪੈਦਾ ਹੋ ਗਿਆ ਹੈ । 1000 ਪਿੰਡ ਜਿਸ ਦੀ ਵਸੋਂ ਲਗਭਗ 20 ਲੱਖ ਤੋ ਜਿਆਦਾ ਹੈ ਨੂੰ ਘਰਾਂ ਤੋ ਪਰਿਵਾਰਾਂ ਸਮੇਤ ਬੇਘਰ ਕਰ ਦਿਤਾ ਗਿਆ ਹੈ। ਇਸ ਹਾਲਾਤਾਂ ਲਈ ਸ਼੍ਰੀ ਮੋਦੀ ਤੇ ਸ: ਬਾਦਲ ਨੂੰ ਦੋਸ਼ੀ ਦਸਿਆ ਹੈ। ਜਿਹੜੀਆਂਹੋਰ ਸਿਆਸੀ ਪਾਰਟੀਆਂ ਜੰਗ ਨੂੰ ਉਤਸ਼ਾਹ ਕਰਕੇ ਪੰਜਾਬ ਦਾ ਜੰਗ ਰਾਹੀ ਨੁਕਸਾਨ ਕਰਵਾਉਣਾ ਚਾਹੁੰਦੀਆਂ ਹਨ ਤੇ ਸ਼੍ਰੀ ਮੋਦੀ ਦਾ ਸਾਥ ਦੇ ਰਹੀਆਂ ਹਨ ਉਹਨਾਂ ਦੀ ਵੀ ਨਿੰਦਾ ਕੀਤੀ ਗਈ । ਜਿਸ ਵਿਚ ਸਿਖ ਕੌਮ ਨੂੰ ਭਰੋਸੇ ਵਿਚ ਨਹੀ ਲਿਆ ਗਿਆ ਇਸ ਦੀ ਵੀ ਸਖਤ ਸਬਦਾਂ ਵਿਚ ਅਲੋਚਨਾ ਕੀਤੀ ਗਈ । ਹਿੰਦ - ਪਾਕਿ ਦੀ ਜੰਗ ਦਾ ਵਿਰੋਧ ਕਰਦਿਆਂ ਇਸਨੂੰ ਟਾਲਣ ਲਈ ਯਤਨ ਤੇਜ ਕਰਨ ਦਾ ਫੈਸਲਾ ਲਿਆ ਗਿਆ । ਪੰਜਾਬ ਦੇ ਲੋਕ ਤੇ ਸਿਖ ਕੌਮ ਜੰਗ ਨਹੀ ਅਮਨ ਚਾਹੁੰਦੇ ਜਨ ।